# ਯੌਰਕ ਰੀਜਨ ਅੰਦਰ ਸੋਸ਼ਲ ਹਾਊਜ਼ਿੰਗ

York Region

## ਸੋਸ਼ਲ ਹਾਊਜ਼ਿੰਗ

ਯੌਰਕ ਰੀਜਨ ਅੰਦਰ ਗ਼ੈਰ-ਮੁਨਾਫ਼ੇ ਵਾਲੀਆਂ, ਸਹਿਕਾਰੀ ਅਤੇ ਮਿਊਂਸਿਪਲ ਸੰਸਥਾਵਾਂ ਵੱਲੋਂ ਚਲਾਏ ਜਾਂਦੇ ਘਰਾਂ ਦੀਆਂ ਆਮਦਨੀ ਅਨੁਸਾਰ ਪੁੱਗਦੇ ਕਿਰਾਏ ਵਾਲੀਆਂ ਅਤੇ ਕਿਰਾਏ ਵਿੱਚ ਸਹਾਇਤਾ ਵਾਲੀਆਂ 7,000 ਤੋਂ ਵੱਧ ਯੂਨਿਟਾਂ ਮੌਜੂਦ ਹਨ।

**ਗ਼ੈਰ-ਮੁਨਾਫ਼ੇ ਵਾਲੇ ਘਰਾਂ** ਦੀ ਮਾਲਕੀ ਕਮਿਊਨਿਟੀ ਆਧਾਰਤ, ਗ਼ੈਰ-ਮੁਨਾਫ਼ਾ ਸੰਸਥਾਵਾਂ, ਜਿਵੇਂ ਕਿ ਫ਼ੇਥ ਗਰੁੱਪਾਂ ਅਤੇ ਸਰਵਿਸ ਕਲੱਬਾਂ, ਕੋਲ ਹੁੰਦੀ ਹੈ ਅਤੇ ਉਹ ਇਨ੍ਹਾਂ ਨੂੰ ਚਲਾਉਂਦੇ ਹਨ।

**ਸਹਿਕਾਰੀ ਘਰਾਂ** ਦੀ ਮਾਲਕੀ ਰਿਹਾਇਸ਼ੀ ਵਿਅਕਤੀਆਂ ਕੋਲ ਹੁੰਦੀ ਹੈ ਅਤੇ ਉਹ ਹੀ ਇਨ੍ਹਾਂ ਨੂੰ ਚਲਾਉਂਦੇ ਹਨ। ਆਮ ਤੌਰ ਤੇ, ਸਹਿਕਾਰੀ ਸਭਾਵਾਂ ਉਨ੍ਹਾਂ ਤੋਂ ਆਸ ਰੱਖਦੀਆਂ ਹਨ ਕਿ ਉਹ ਕਮੇਟੀ ਦਾ ਮੈਂਬਰ ਬਣ ਕੇ ਜਾਂ ਹੋਰ ਸਰਗਰਮੀਆਂ ਵਿੱਚ ਸ਼ਾਮਲ ਹੋ ਕੇ ਮਾਕਾਨਾਂ ਵਿੱਚ ਰਹਿੰਦੇ ਭਾਈਚਾਰੇ ਨੂੰ ਚਲਾਉਣ ਵਿੱਚ ਸਰਗਰਮੀ ਨਾਲ ਹਿੱਸਾ ਲੈਣ।

HOUSING YORK INC.
Building Strong Communities

**ਹਾਊਜ਼ਿੰਗ ਯੌਰਕ ਇੰਕ.,** ਯੌਰਕ ਰੀਜਨ ਵਿੱਚ ਮਕਾਨਾਂ ਦੀ ਕੰਪਨੀ ਹੈ ਜਿਹੜੀ ਕਿ ਸਾਰੇ ਯੌਰਕ ਰੀਜਨ ਅੰਦਰ ਆਮਦਨੀ ਅਨੁਸਾਰ ਪੁੱਗਦੇ ਕਿਰਾਏ ਵਾਲੀਆਂ ਅਤੇ ਕਿਰਾਏ ਵਿੱਚ ਸਹਾਇਤਾ ਵਾਲੀਆਂ 1,900 ਤੋਂ ਵੱਧ ਯੂਨਿਟਾਂ ਦੀ ਮਾਲਕ ਹੈ ਅਤੇ ਉਨ੍ਹਾਂ ਨੂੰ ਚਲਾਉਂਦੀ ਹੈ।

## ਸੋਸ਼ਲ ਹਾਊਜ਼ਿੰਗ ਬਾਰੇ ਵੱਧ ਜਾਣਕਾਰੀ ਲੈਣ ਲਈ ਰੀਜਨਲ ਮਿਊਂਸਪਲਟੀ ਆਫ਼ ਯੌਰਕ ਅਤੇ ਹੈਲ਼ਥ ਸਰਵਿਸਿਜ਼ ਵਿਭਾਗ ਨਾਲ ਸੰਪਰਕ ਕਰੋ।

55 Eagle Street West
Newmarket, ON L3Y 8W5

1-888-256-1112
ਟੀਟੀਵਾਈ: 905-762-0401

www.york.ca

York Region



CHS HLTC 08 2009

## ਸੋਸ਼ਲ ਹਾਊਜ਼ਿੰਗ ਲਈ ਮੈਂ ਕਿਵੇਂ ਅਰਜ਼ੀ ਦਿੰਦਾ ਹਾਂ?

ਯੌਰਕ ਰੀਜਨ ਅੰਦਰ ਸਾਰੇ ਸੋਸ਼ਲ ਹਾਊਜ਼ਿੰਗ ਪ੍ਰਦਾਨ ਵਾਲੇ ਆਮਦਨੀ ਅਨੁਸਾਰ ਕਿਰਾਏ ਵਿੱਚ ਮਦਦ ਲਈ ਇੱਕ ਅਰਜ਼ੀ ਦੀ ਵਰਤੋਂ ਕਰਦੇ ਹਨ।

### ਅਰਜ਼ੀ ਹਾਸਲ ਕਰਨ ਲਈ ਚਾਰ ਤਰੀਕੇ ਹਨ:

1. **1-888-256-1112** ‘ਤੇ ਫ਼ੋਨ ਕਰ ਕੇ ਅਰਜ਼ੀ ਡਾਕ ਰਾਹੀਂ ਮੰਗਵਾਓ[
2. 55 Eagle Street West Newmarket ਵਿਖੇ ਯੌਰਕ ਰੀਜਨਜ਼ ਕਮਿਊਨਿਟੀ ਐਂਡ ਹੈਲਥ ਸਰਵਸਿਜ਼ ਵਿਭਾਗ ਤੋਂ ਅਰਜ਼ੀ ਆਪ ਹਾਸਲ ਕਰੋ।
3. ਯੌਰਕ ਰੀਜਨ ਵਿੱਚ ਕਿਸੇ ਸੋਸ਼ਲ ਹਾਊਜ਼ਿੰਗ ਪ੍ਰਦਾਨ ਕਰਨ ਵਾਲੇ ਨਾਲ ਸੰਪਰਕ ਕਰੋ।
4. ਆਪ ਸਾਡੀ ਵੈੱਬਸਾਈਟ www.york.ca ‘ਤੇ ਜਾ ਕੇ ਅਰਜ਼ੀ ਪ੍ਰਿੰਟ ਕਰ ਲਓ।

**ਅਰਜ਼ੀ ਕਿਵੇਂ ਭਰਨੀ ਹੈ ਅਤੇ ਕਿੱਥੇ ਭੇਜਣੀ ਹੈ ਇਸ ਬਾਰੇ ਵਿਸਥਾਰ ਵਿੱਚ ਹਦਾਇਤਾਂ ਅਰਜ਼ੀ ਵਿੱਚ ਸ਼ਾਮਲ ਹੁੰਦੀਆਂ ਹਨ।**

## ਸੋਸ਼ਲ ਹਾਊਜ਼ਿੰਗ ਲਈ ਕੌਣ ਯੋਗ ਹੁੰਦਾ ਹੈ?

### ਸੋਸ਼ਲ ਹਾਊਜ਼ਿੰਗ ਲੈਣ ਦੇ ਯੋਗ ਹੋਣ ਲਈ:

- ਘਰ ਦੇ ਸਾਰੇ ਮੈਂਬਰ ਕੈਨੇਡਾ ਦੇ ਪੱਕੇ ਰਿਹਾਇਸ਼ੀ ਹੋਣੇ ਚਾਹੀਦੇ ਹਨ ਜਾਂ ਉਨ੍ਹਾਂ ਕੋਲ ਰਿਫਿਊਜੀ ਹੋਣ ਦਾ ਕਲੇਮ ਚਾਹੀਦਾ ਹੈ।
- ਘਰ ਦੇ ਮੈਂਬਰਾਂ ਵਿੱਚੋਂ ਘੱਟ ਤੋ ਘੱਟ ਇੱਕ ਮੈਂਬਰ 16 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ।
- ਜ਼ਰੂਰੀ ਹੈ ਕਿ ਤੁਸੀਂ ਇਮਦਾਦੀ ਸੇਵਾਵਾਂ ਨਾਲ ਜਾਂ ਇਨ੍ਹਾਂ ਤੋਂ ਬਗ਼ੈਰ ਸੁਤੰਤਰ ਰਹਿਣ ਦੇ ਕਾਬਲ ਹੋਵੋ।
- ਸੀਨੀਅਰਾਂ ਲਈ ਰਿਹਾਇਸ਼ ਵਾਸਤੇ, ਅਰਜ਼ੀ ਦੇਣ ਵਾਲਾ ਘੱਟੋ ਘੱਟ ਇੱਕ ਵਿਅਕਤੀ 60 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ।
- ਘਰ ਦੇ ਮੈਂਬਰਾਂ ਵਿੱਚੋਂ ਕੋਈ ਅਜਿਹਾ ਨਹੀਂ ਹੋਣਾ ਚਾਹੀਦਾ ਜਿਸ ਵੱਲੋਂ ਕਿਸੇ ਹਾਊਜ਼ਿੰਗ ਮਾਲਕ ਮਕਾਨ ਦੇ ਸੋਸ਼ਲ ਹਾਊਜ਼ਿੰਗ ਦੇ ਕਿਰਾਏ ਦੀ ਅਦਾਇਗੀ ਬਾਕੀ ਦੇਣੀ ਬਣਦੀ ਹੋਵੇ।

## ਕੀ ਸੋਸ਼ਲ ਹਾਊਜ਼ਿੰਗ ਲੈਣ ਲਈ ਉਡੀਕ ਕਰਨ ਵਾਲਿਆਂ ਦੀ ਸੂਚੀ ਹੁੰਦੀ ਹੈ?

ਹਾਂ, ਉਡੀਕ ਕਰਨ ਵਾਲਿਆਂ ਦੀ ਸੂਚੀ ਹੁੰਦੀ ਹੈ। ਜਿਸ ਮਿਤੀ ਨੂੰ ਤੁਹਾਡੀ ਅਰਜ਼ੀ ਪ੍ਰਾਪਤ ਹੁੰਦੀ ਹੈ ਉਸ ਮਿਤੀ ਨੂੰ ਆਧਾਰ ਮੰਨ ਕੇ ਜਿਸ ਨੇ ਪਹਿਲਾਂ ਅਰਜ਼ੀ ਦਿੱਤੀ ਹੋਵੇ ਉਸ ਨੂੰ ਪਹਿਲ ਦਿੱਤੀ ਜਾਂਦੀ ਹੈ। ਉਡੀਕ ਕਰਨ ਦਾ ਸਮਾਂ ਤਹਾਡੇ ਵੱਲੋਂ ਦਿੱਤੀ ਅਰਜ਼ੀ ਵਾਲੀ ਸੋਸ਼ਲ ਹਾਊਜ਼ਿੰਗ ਕਮਿਊਨਿਟੀ ਅਤੇ ਤੁਹਾਡੇ ਵੱਲੋਂ ਕਿਰਾਏ ‘ਤੇ ਲਈ ਜਾਣ ਵਾਲੀ ਯੂਨਿਟ ਦਾ ਆਕਾਰ ‘ਤੇ ਨਿਰਭਰ ਕਰਦਾ ਹੈ।

ਘਰੇਲੂ ਅਹਿੰਸਾ ਦੇ ਸ਼ਿਕਾਰ ਵਿਅਕਤੀਆਂ ਵਾਲੀ ਸ਼੍ਰੇਣੀ ਦੀ ਉਡੀਕ ਕਰਨ ਵਾਲੀ ਸੂਚੀ ਨੂੰ ਵਿਸ਼ੇਸ਼ ਪਹਿਲ ਦਿੱਤੀ ਜਾਂਦੀ ਹੈ।

## ਯੌਰਕ ਰੀਜਨ ਅੰਦਰ ਸੋਸ਼ਲ ਹਾਊਜ਼ਿੰਗ ਕਿੱਥੇ ਉਪਲਬਧ ਹੈ?

ਸਾਰੇ ਯੌਰਕ ਰੀਜਨ ਅੰਦਰ ਵੱਖ ਵੱਖ ਹਾਊਜ਼ਿੰਗ ਭਾਈਚਾਰਿਆਂ ਵਿੱਚ ਸੋਸ਼ਲ ਹਾਊਜ਼ਿੰਗ ਉਪਲਬਧ ਹੈ। ਵਾਜਬ ਮਕਾਨ ਦੀ ਚੋਣ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਹਾਊਜ਼ਿੰਗ ਡਾਇਰੈਕਟਰੀ ਉਪਲਬਧ ਹੈ ਅਤੇ ਇਹ

**55 Eagle Street West Newmarket** ਜਾਂ ਸਾਡੀ ਵੈੱਬਸਾਈਟ **www.york.ca**
‘ਤੇ ਵੇਖੀ ਜਾ ਸਕਦੀ ਹੈ।



## ਯੂਨਿਟਾਂ ਜਿੰਨ੍ਹਾਂ ਵਿੱਚ ਅਦਲਾ-ਬਦਲੀ ਕੀਤੀ ਗਈ ਹੋਵੇ

ਅਜਿਹੀਆਂ ਯੂਨਿਟਾਂ, ਜਿੰਨ੍ਹਾਂ ਵਿੱਚ ਸਰੀਰਕ ਅਯੋਗਤਾਵਾਂ ਵਾਲੇ ਲੋਕਾਂ ਦੀ ਸਹੂਲਤ ਲਈ ਅਦਲਾ-ਬਦਲੀ ਕੀਤੀ ਗਈ ਹੈ, ਵੀ ਮੌਜੂਦ ਹਨ। ਇਨ੍ਹਾਂ ਅਦਲਾ-ਬਦਲੀਆਂ ਵਿੱਚ ਵੀਲ੍ਹਚੇਅਰ/ਸਕੂਟਰ ਲਈ ਪਹੁੰਚ, ਇਮਾਰਤ ਦੇ ਢਾਂਚੇ, ਜਿੰਨ੍ਹਾਂ ਵਿੱਚ ਕਮਰਿਆਂ ਦੇ ਡਿਜ਼ਾਈਨ ਅਤੇ ਸ਼ਕਲ ਅਤੇ ਦਰਵਾਜ਼ਿਆਂ ਦੇ ਆਕਾਰ, ਅਤੇ ਦਰਵਾਜ਼ਿਆਂ, ਦਰਵਾਜ਼ਿਆਂ ਦੀਆਂ ਹਥੀਆਂ ਅਤੇ ਖਿੜਕੀਆਂ ਜਿਹੀਆਂ ਠੋਸ ਅਦਲਾ-ਬਦਲੀਆਂ ਸ਼ਾਮਲ ਹਨ।

### ਇਨ੍ਹਾਂ ਯੂਨਿਟਾਂ ਬਾਰੇ ਵਧੇਰੇ ਜਾਣਕਾਰੀ ਹੇਠ ਦਰਜ ਥਾਵਾਂ ਤੋਂ ਵੀ ਉਪਲਬਧ ਹੈ:

**55 Eagle Street West Newmarket ਜਾਂ 1-877-464-9675 ਉੱਤੇ ਫ਼ੋਨ ਕਰ ਕੇ, Ext.2499 ਜਾਂ ਸਾਡੀ ਵੈੱਬਸਾਈਟ www.york.ca ਤੋਂ।**

**www.york.ca > Services > Housing ਉੱਤੇ ਜਾਓ**